## ਅਸੀਂ ਕੀ ਸੇਵਾਵਾਂ ਦਿੰਦੇ ਹਾਂ?

- ਦਾਖ਼ਲ ਕਰਨਾ ਅਤੇ ਮੁਲਾਂਕਣ ਕਰਨਾ।
- ਮੈਥਾਡੋਨ, ਸੁਬੋਕਸੋਨ ਅਤੇ ਹੋਰ ਦਵਾਈਆਂ ਸਮੇਤ ਨਸ਼ਾ ਛੱਡਣ ਦੇ ਲੱਛਣਾਂ ਦੇ ਇਲਾਜ ਅਤੇ ਨਸ਼ੇ ਦੀ ਵਰਤੋਂ ਦੇ ਇਲਾਜ ਦਾ ਬੰਦੋਬਸਤ ਕਰਨਾ।
- ਲੰਮੇ ਸਮੇਂ ਲਈ ਦੇਖ ਰੇਖ ਕਰਨੀ।
- ਵਿਅਕਤੀਗਤ ਅਤੇ ਪਰਵਾਰਾਂ ਲਈ ਸਲਾਹ ਮਸ਼ਵਰਾ।
- ਮਾਨਸਿਕ ਸਿੱਖਿਆ ਲਈ ਭਾਈਚਾਰਕ ਗਰੁੱਪ।
- ਭਾਈਚਾਰਕ ਏਜੰਸੀਆਂ, ਇਲਾਜ ਦੇ ਪ੍ਰੋਗਰਾਮ, ਵਰਜਸ਼ ਦੇ ਪ੍ਰੋਗਰਾਮ, ਪਰਵਾਰਕ ਡਾਕਟਰ, ਪਰਵਾਰਕ ਸਹਾਇਤਾ ਦੇ ਪ੍ਰੋਗਰਾਮਾਂ ਸਮੇਤ ਹੋਰ ਢੁਕਵੇਂ ਪ੍ਰੋਗਰਾਮਾਂ ਲਈ ਜ਼ਰੂਰਤ ਅਨੁਸਾਰ ਰੈਫ਼ਰ ਕਰਨਾ।

**ਹੋਰ ਜ਼ਿਆਦਾ ਜਾਣਕਾਰੀ ਲਈ ਰੌਸ਼ਨੀ ਕਲੀਨਿਕ ਨੂੰ ਹੇਠ ਲਿਖੇ ਅਨੁਸਾਰ ਸੰਪਰਕ ਕਰੋ:**

ਕੁਇਬਲ ਕਰੀਕ (Quibble Creek)
102 – 13670 94A ਐਵੀਨਿਊ
ਸਰੀ, ਬੀ.ਸੀ. V3V1N1

ਫ਼ੋਨ: 604-580-4950
ਫ਼ੈਕਸ: 604-580-4966

**ਸਾਰੀਆਂ ਸੇਵਾਵਾਂ ਮੁਫ਼ਤ ਹਨ।**

**ਤੁਸੀਂ ਆਪਣੇ ਲਈ ਜਾਂ ਆਪਣੇ ਪਰਵਾਰਕ ਮੈਂਬਰ ਵਾਸਤੇ ਰੈਫ਼ਰਲ ਲਈ ਫ਼ੋਨ ਕਰ ਕੇ ਸਾਡੇ ਸਟਾਫ਼ ਮੈਂਬਰ ਨਾਲ ਗਲ ਕਰ ਸਕਦੇ ਹੋ।**



www.fraserhealth.ca
ਇਹ ਜਾਣਕਾਰੀ ਤੁਹਾਡੀ ਸਿਹਤ ਸੰਭਾਲ ਕਰਨ ਵਾਲੇ ਵਲੋਂ ਤੁਹਾਨੂੰ ਦਿੱਤੀ ਸਲਾਹ ਦਾ ਬਦਲ ਨਹੀਂ।
Catalogue 266053 (December 2018) Punjabi
To order: patienteduc.fraserhealth.ca

Punjabi

# ਰੌਸ਼ਨੀ ਕਲੀਨਿਕ

ਆਪਣੀ ਜ਼ਿੰਦਗੀ ਨੂੰ ਰੌਸ਼ਨ ਕਰੋ

# Roshni Clinic

Bringing Light to Life



**ਕੁਇਬਲ ਕਰੀਕ**
**102 – 13670 94A ਐਵੀਨਿਊ**
**Surrey, B.C.**

**ਫ਼ੋਨ: 604-580-4950**
**ਫ਼ੈਕਸ: 604-580-4966**

**ਖੁੱਲ੍ਹਣ ਦਾ ਸਮਾਂ:**
**ਸੋਮਵਾਰ – ਬੁੱਧਵਾਰ, 4:30 – 8:30 ਸ਼ਾਮ**
**ਐਤਵਾਰ, 10:30 ਸੁਭਾ – 2:30 ਦੁਪਹਿਰ**

fraserhealth

**ਕੀ ਤੁਸੀਂ ਆਪਣੀ ਸ਼ਰਾਬ ਜਾਂ ਨਸ਼ਿਆਂ ਕਾਰਨ ਚਿੰਤਤ ਹੋ? ਕਿਸੇ ਹੋਰ ਵੱਲੋਂ ਨਸ਼ੇ ਸੇਵਨ ਕਰਨ ਕੇ ਪ੍ਰਭਾਵਿਤ ਹੋ?**

**ਰੌਸ਼ਨੀ ਕਲੀਨਿਕ ਵਿਚ ਅਸੀਂ ਤੁਹਾਡੀ ਅਤੇ ਤੁਹਾਡੇ ਪਰਵਾਰ ਦੀ ਨਸ਼ਿਆਂ ਦੇ ਸੇਵਨ ਸਬੰਧੀ ਸਮੱਸਿਆਵਾਂ ਵਿਚ ਮਦਦ ਕਰ ਸਕਦੇ ਹਾਂ।**

ਜੀਵਨ ਵਿਚ ਤਬਦੀਲੀ ਮੁਸ਼ਕਲ ਕੰਮ ਹੋ ਸਕਦਾ ਹੈ ਅਤੇ ਤੁਸੀਂ ਇਕੱਲੇ ਮਹਿਸੂਸ ਕਰ ਸਕਦੇ ਹੋ। ਤੁਸੀਂ ਦੁਨੀਆਂ ਤੋਂ ਬਿਲਕੁਲ ਅਟੰਕ ਮਹਿਸੂਸ ਕਰਦੇ ਹੋ ਅਤੇ ਸਮਝਦੇ ਹੋ ਕਿ ਤੁਹਾਡੀ ਮਦਦ ਕਰਨ ਵਾਲਾ ਕੋਈ ਨਹੀਂ।

ਜੇ ਕਰ ਤੁਸੀਂ ਨਸ਼ਾ ਘੱਟ ਕਰਨਾ ਚਾਹੁੰਦੇ ਹੋ, ਛੱਡਣਾ ਚਾਹੁੰਦੇ ਹੋ ਜਾਂ ਕਿਸੇ ਹੋਰ ਦੀ ਸ਼ਰਾਬ ਜਾਂ ਨਸ਼ਿਆਂ ਬਾਰੇ ਸਮੱਸਿਆ ਬਾਰੇ ਜੂਝ ਰਹੇ ਹੋ ਤਾਂ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ, ਤੁਹਾਡੇ ਮਸਲੇ ਨੂੰ ਸੁਲਝਾਉਣ ਲਈ ਉਸ ਬਾਰੇ ਜਾਣਕਾਰੀ ਦੇ ਸਕਦੇ ਹਾਂ। ਅਸੀਂ ਇਹ ਵੀ ਖੋਜ ਪੜਤਾਲ ਕਰਦੇ ਹਾਂ ਕਿ ਤੁਸੀਂ ਕਿਵੇਂ ਸਾਰਥਕ, ਸਿਹਤਮੰਦ ਅਤੇ ਖ਼ੁਸ਼ੀਆਂ ਭਰੀ ਜ਼ਿੰਦਗੀ ਜੀ ਸਕਦੇ ਹੋ।

**ਕੀ ਇਹ ਤੁਹਾਡੇ ਲਈ ਹੈ?**

ਰੌਸ਼ਨੀ ਕਲੀਨਿਕ ਦਾ ਪ੍ਰੋਗਰਾਮ ਦੱਖਣੀ ਏਸ਼ੀਆ ਦੇ ਭਾਈਚਾਰੇ ਦੇ ਲੋਕਾਂ ਦੀ ਸੇਵਾ ਕਰਦਾ ਹੈ। ਅਸੀਂ ਸ਼ਰਾਬ ਅਤੇ ਨਸ਼ਿਆਂ ਸਬੰਧੀ ਸਮੱਸਿਆਵਾਂ ਵਾਲਿਆਂ ਤੋਂ ਇਲਾਵਾ ਸੁਭਾਉ, ਫ਼ਿਕਰ/ ਚਿੰਤਾ ਜਾਂ ਪਰਵਾਰਕ ਸਮੱਸਿਆਵਾਂ ਵਾਲੇ ਲੋਕਾਂ ਦੀ ਵੀ ਮਦਦ ਕਰਦੇ ਹਾਂ।

ਸਾਡਾ ਤਰੀਕਾ ਵਿਅਕਤੀ ਤੇ ਆਧਾਰਤ ਅਤੇ ਸਰਬਪੱਖੀ ਇਲਾਜ ਵਾਲਾ ਹੈ।
ਅਸੀਂ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਵਿਚ ਸੇਵਾਵਾਂ ਪੇਸ਼ ਕਰਦੇ ਹਾਂ।

ਅਸੀਂ 19 ਸਾਲ ਜਾਂ ਇਸ ਤੋਂ ਵੱਡੀ ਉਮਰ ਦੇ ਪਰਵਾਰਾਂ, ਦੰਪਤੀਆਂ, ਅਤੇ ਵਿਅਕਤੀਆਂ ਨੂੰ ਦੇਖਦੇ ਹਾਂ।

**ਤੁਸੀਂ ਸਾਡੇ ਕੋਲੋਂ ਕੀ ਉਮੀਦ ਕਰ ਸਕਦੇ ਹੋ**

ਜਦੋਂ ਤੁਸੀਂ ਰੌਸ਼ਨੀ ਕਲੀਨਿਕ ਵਿਚ ਆਉਂਦੇ ਹੋ ਤਾਂ ਤੁਸੀਂ ਸਤਿਕਾਰ ਭਰੇ ਅਤੇ ਇਮਾਨਦਾਰ ਇਲਾਜ ਦੀ ਉਮੀਦ ਕਰ ਸਕਦੇ ਹੋ। ਅਸੀਂ ਤੁਹਾਡੇ ਨਾਲ ਆਪਣੇ ਪਰਵਾਰਕ ਮੈਂਬਰ ਵਾਂਗ ਹੀ ਵਰਤੋਂ ਕਰਦੇ ਹਾਂ ਅਤੇ ਕੋਸ਼ਿਸ਼ ਕਰਦੇ ਹਾਂ ਕਿ ਤੁਸੀਂ ਬਿਹਤਰ ਮਹਿਸੂਸ ਕਰੋ। ਅਸੀਂ ਪਰਵਾਰਾਂ ਅਤੇ ਭਾਈਚਾਰੇ ਦੀ ਤੰਦਰੁਸਤ ਹੋਣ ਵਿਚ ਮਦਦ ਕਰ ਕੇ ਪਰਵਾਰਾਂ ਵਿਚ ਚੰਗੀ ਸਿਹਤ ਅਤੇ ਖ਼ੁਸ਼ੀਆਂ ਭਰਿਆ ਜੀਵਨ ਮੁੜ ਵਾਪਸ ਲਿਆਉਣਾ ਚਾਹੁੰਦੇ ਹਾਂ।

**ਸਲਾਹ ਲਈ ਭੇਜਣ (ਰੈਫ਼ਰ ਕਰਨ) ਦੇ ਤਰੀਕੇ**

ਤੁਹਾਨੂੰ ਰੌਸ਼ਨੀ ਕਲੀਨਿਕ ਵਿਚ ਕਈ ਤਰੀਕਿਆਂ ਨਾਲ ਭੇਜਿਆ ਜਾ ਸਕਦਾ ਹੈ:

- ਤੁਹਾਡਾ ਪਰਵਾਰਕ ਡਾਕਟਰ
- ਸੋਬਰਿੰਗ ਸੈਂਟਰ (Sobering centre)
- ਡੀਟਾਕਸ ਸੈਂਟਰ (Detox centre)
- ਹਸਪਤਾਲ
- ਹੋਰ ਭਾਈਚਾਰਕ ਅਦਾਰੇ
- ਇਲਾਜ ਦੇ ਪ੍ਰੋਗਰਾਮ

ਆਪਣੇ ਆਪ ਰੈਫ਼ਰ ਕਰਨਾ





ਪਰਤੋ...